ਨਿਊਜ਼ ਰਿਲੀਜ਼

# ਘੱਟ ਆਮਦਨੀ ਵਾਲੇ ਨਰਸਿੰਗ ਵਿਦਿਆਰਥੀਆਂ ਦਾ ਸਮਰਥਨ ਕਰਨਾ

8 ਫਰਵਰੀ, 2023

## ਅਲਬਰਟਾ ਦੀ ਸਰਕਾਰ ਘੱਟ ਆਮਦਨੀ ਵਾਲੇ 1,700 ਵਿਦਿਆਰਥੀਆਂ ਦੀ ਨਰਸ ਬਣਨ ਵਿੱਚ ਮਦਦ ਕਰਨ ਲਈ ਨਿਊ ਬਿਗਨਿੰਗਜ਼ ਬਰਸਰੀ ਦਾ ਵਿਸਤਾਰ ਕਰ ਰਹੀ ਹੈ।

ਅਲਬਰਟਾ ਵਿੱਚ ਦੁਨੀਆ ਦੇ ਸਭ ਤੋਂ ਵਧੀਆ ਅਗਲੀ-ਕਤਾਰ ਦੇ ਸਿਹਤ-ਸੰਭਾਲ ਵਰਕਰ ਹਨ। ਅਲਬਰਟਾ ਦੀ ਸਰਕਾਰ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਅਲਬਰਟਾ ਵਾਸੀਆਂ ਨੂੰ ਉਹਨਾਂ ਦੀ ਲੋੜ ਦੀ ਦੇਖਭਾਲ ਮਿਲੇ, ਜਦੋਂ ਅਤੇ ਜਿੱਥੇ ਉਹਨਾਂ ਨੂੰ ਇਸਦੀ ਲੋੜ ਹੋਵੇ। ਇਸ ਵਿੱਚ ਇਹ ਯਕੀਨੀ ਬਣਾਉਣਾ ਸ਼ਾਮਲ ਹੈ ਕਿ ਵਧੇਰੇ ਵਿਦਿਆਰਥੀਆਂ ਲਈ ਵਧੇਰੇ ਮੌਕੇ ਹੋਣ। ਅਲਬਰਟਾ ਦੀ ਪੋਸਟ-ਸੈਕੰਡਰੀ ਪ੍ਰਣਾਲੀ ਨੂੰ ਹੋਰ ਕਿਫਾਇਤੀ ਬਣਾਉਣ ਨਾਲ ਅਲਬਰਟਾ ਨੂੰ ਸੂਬੇ ਦੀਆਂ ਨਰਸਾਂ ਨੂੰ ਸਿਖਲਾਈ ਦੇਣ ਵਿੱਚ ਮਦਦ ਮਿਲੇਗੀ।

ਨਿਊ ਬਿਗਨਿੰਗਜ਼ ਬਰਸਰੀ ਵਿੱਚ $8.5-ਮਿਲੀਅਨ ਡਾਲਰ ਦੇ ਵਾਧੂ ਨਿਵੇਸ਼ ਦੇ ਸਦਕਾ, 1,700 ਤੱਕ ਨਰਸਿੰਗ ਵਿਦਿਆਰਥੀ ਇੱਕ-ਵਾਰ ਮਿਲਣ ਵਾਲੀ, ਵਾਪਸ ਨਾ ਕਰਨਯੋਗ, $5,000 ਬਰਸਰੀ ਲਈ ਯੋਗ ਹੋਣਗੇ। ਨਰਸਿੰਗ ਪ੍ਰੋਗਰਾਮਾਂ ਵਿੱਚ ਵਿਦਿਆਰਥੀ ਕਰਜ਼ ਲਈ ਅਰਜ਼ੀ ਦੇਣ ਵਾਲਿਆਂ ਵਿੱਚੋਂ ਉਹਨਾਂ ਪ੍ਰਾਪਤਕਰਤਾਵਾਂ ਨੂੰ ਆਪਣੇ-ਆਪ ਚੁਣਿਆ ਜਾਵੇਗਾ ਜੋ ਪ੍ਰੋਗਰਾਮ ਅਤੇ ਵਿੱਤੀ ਯੋਗਤਾ ਦੇ ਮਾਪਦੰਡਾਂ ਨੂੰ ਪੂਰਾ ਕਰਦੇ ਹਨ।

ਅਲਬਰਟਾ ਵਿੱਚ ਨਰਸਾਂ ਅਤੇ ਸਿਹਤ-ਸੰਭਾਲ ਪੇਸ਼ੇਵਰਾਂ ਦੀ ਉੱਚ ਮੰਗ ਨੂੰ ਪੂਰਾ ਕਰਨ ਵਿੱਚ ਮਦਦ ਕਰਨ ਲਈ ਵਾਧੂ ਫੰਡਿੰਗ ਅਲਬਰਟਾ ਦੇ ਹੈਲਥਕੇਅਰ ਐਕਸ਼ਨ ਪਲਾਨ ਵਿੱਚ ਸਹਾਇਤਾ ਕਰਦੀ ਹੈ। ਪਿਛਲੇ ਸਾਲ, ਅਲਬਰਟਾ ਦੀ ਸਰਕਾਰ ਨੇ ਸੂਬੇ ਭਰ ਵਿੱਚ ਸਿਹਤ ਨਾਲ ਸੰਬੰਧਿਤ ਪ੍ਰੋਗਰਾਮਾਂ ਵਿੱਚ ਤਕਰੀਬਨ 2,500 ਨਵੀਆਂ ਸੀਟਾਂ ਬਣਾਈਆਂ। ਹੋਰ ਪਹਿਲਕਦਮੀਆਂ ਵਿੱਚ ਅੰਤਰਰਾਸ਼ਟਰੀ ਪੱਧਰ 'ਤੇ ਸਿੱਖਿਅਤ ਨਰਸਾਂ ਲਈ ਵਿਸਤ੍ਰਿਤ ਸਿਖਲਾਈ ਅਤੇ ਸਿਹਤ-ਸੰਭਾਲ ਖੇਤਰਾਂ ਵਿੱਚ ਮਾਈਕ੍ਰੋ-ਕ੍ਰੈਡੈਂਸ਼ੀਅਲ ਪ੍ਰੋਗਰਾਮਾਂ ਲਈ ਫੰਡਿੰਗ ਸ਼ਾਮਲ ਹੈ।

ਨਿਊ ਬਿਗਨਿੰਗਜ਼ ਬਰਸਰੀ ਨੂੰ 2022 ਵਿੱਚ ਉਹਨਾਂ ਵਿਦਿਆਰਥੀਆਂ ਲਈ ਪੋਸਟ-ਸੈਕੰਡਰੀ ਸਿੱਖਿਆ ਤੱਕ ਪਹੁੰਚ ਵਧਾਉਣ ਲਈ ਬਣਾਇਆ ਗਿਆ ਸੀ ਜੋ ਸ਼ਾਇਦ ਉਂਝ ਵਿੱਤੀ ਰੁਕਾਵਟਾਂ ਦੇ ਕਾਰਨ, ਸਿੱਖਿਆ ਨਾ ਲੈ ਸਕਣ। 2023-24 ਅਕਾਦਮਿਕ ਸਾਲ ਦੇ ਅੰਤ ਤੱਕ, $17 ਮਿਲੀਅਨ ਦੇ ਕੁੱਲ ਨਿਵੇਸ਼ 'ਤੇ, ਘੱਟ ਆਮਦਨੀ ਵਾਲੇ 3,400 ਵਿਦਿਆਰਥੀਆਂ ਨੂੰ ਬਰਸਰੀ ਤੋਂ ਲਾਭ ਹੋਵੇਗਾ। ਬਰਸਰੀ ਨੇ 2022-23 ਅਕਾਦਮਿਕ ਸਾਲ ਵਿੱਚ ਵਿਦਿਆਰਥੀਆਂ ਦੀ ਸਹਾਇਤਾ ਕਰਨੀ ਸ਼ੁਰੂ ਕੀਤੀ। ਅਲਬਰਟਾ ਸਟੂਡੈਂਟ ਏਡ ਉਹਨਾਂ ਪ੍ਰਾਪਤਕਰਤਾਵਾਂ ਨੂੰ ਫੰਡ ਪ੍ਰਦਾਨ ਕਰੇਗੀ ਜੋ ਯੋਗਤਾ ਦੇ ਮਾਪਦੰਡਾਂ ਨੂੰ ਪੂਰਾ ਕਰਦੇ ਹਨ ਅਤੇ ਜਿਨ੍ਹਾਂ ਕੋਲ 2022-23 ਲੋਨ ਸਾਲ ਦੌਰਾਨ ਵਿਦਿਆਰਥੀ ਕਰਜ਼ ਅਤੇ ਗ੍ਰਾਂਟ ਫੰਡਿੰਗ ਲਈ ਮਨਜ਼ੂਰ ਕੀਤੀਆਂ ਅਰਜ਼ੀਆਂ ਹਨ।

## ਸੰਬੰਧਿਤ ਜਾਣਕਾਰੀ

ਨਿਊ ਬਿਗਨਿੰਗਜ਼ ਬਰਸਰੀ

ਅਲਬਰਟਾ 2030: ਨੌਕਰੀਆਂ ਲਈ ਹੁਨਰਾਂ ਦਾ ਨਿਰਮਾਣ ਕਰਨਾ

ਹੈਲਥਕੇਅਰ ਐਕਸ਼ਨ ਪਲਾਨ (ਸਿਹਤ-ਸੰਭਾਲ ਕਾਰਵਾਈ ਯੋਜਨਾ)

## ਮੀਡੀਆ ਵੱਲੋਂ ਪੁੱਛਗਿੱਛ

ਸੈਮ ਬਲੈਕੇਟ (Sam Blackett)
Sam.Blackett@gov.ab.ca
587-589-6048
ਪ੍ਰੈੱਸ ਸੈਕ੍ਰੇਟਰੀ, ਐਡਵਾਂਸਡ ਐਜੁਕੇਸ਼ਨ